BRAMPTON Flower City
brampton.ca

media release

9 ਜਨਵਰੀ, 2018

# 2018 ਨਵੇਂ ਸਾਲ ਦੀ ਮੁਲਾਕਾਤ (ਨਿਊ ਯੀਅਰਸ ਲੇਵੀ) ਦੇ ਮੌਕੇ 'ਤੇ ਮੇਅਰ ਅਤੇ ਕਾਉਂਸਿਲ ਦੇ ਮੈਂਬਰਾਂ ਨੂੰ ਮਿਲੋ

ਬ੍ਰੈਂਪਟਨ, ਓਨਟੈਰੀਓ – ਬ੍ਰੈਂਪਟਨ ਵਿੱਚ ਸ਼ਨੀਵਾਰ, 20 ਜਨਵਰੀ ਨੂੰ ਦੁਪਹਿਰ ਬਾਅਦ 1 ਵਜੇ ਤੋਂ 3 ਵਜੇ ਤੱਕ ਸਿਟੀ ਹਾਲ (City Hall) ਵਿਖੇ ਨਵੇਂ ਸਾਲ ਦੀ ਮੁਲਾਕਾਤ (ਨਿਊ ਯੀਅਰਸ ਲੇਵੀ) ਦੀ ਪਰੰਪਰਾ ਕਾਇਮ ਰਹੇਗੀ। ਦਰਵਾਜ਼ੇ ਦੁਪਹਿਰ ਬਾਅਦ 12:30 ਵਜੇ ਖੁੱਲ੍ਹਣਗੇ। ਸਥਾਨਕ ਮਨੋਰੰਜਨ ਅਤੇ ਹਲਕੇ ਨਾਸ਼ਤੇ ਦਾ ਮਜ਼ਾ ਲਓ ਅਤੇ ਮੇਅਰ ਜੈਫਰੀ (Jeffrey) ਅਤੇ ਕਾਉਂਸਲ ਦੇ ਮੈਂਬਰਾਂ ਨੂੰ ਮਿਲੋ।

10 ਅਤੇ 11 ਮਾਰਚ ਨੂੰ ਬ੍ਰੈਂਪਟਨ ਵਿੱਚ ਆਉਣ ਵਾਲੀ ਰੋਜਰਸ ਹੋਮਟਾਊਨ ਹਾਕੀ (Rogers Hometown Hockey) ਦਾ ਪ੍ਰਚਾਰ ਕਰਨ ਵਿੱਚ ਸਹਾਇਤਾ ਕਰਨ ਲਈ ਸਾਈਟ 'ਤੇ ਖ਼ਾਸ ਮੇਹਮਾਨ ਨਿਕ ਐਂਟਰੋਪੋਵ (Nik Antropov) ਮੌਜੂਦ ਹੋਣਗੇ।

ਨਿਵਾਸੀਆਂ ਨੂੰ ਆਪਣੇ ਸਕੇਟ ਲਿਆਉਣ ਅਤੇ ਜੇ ਮੌਸਮ ਇਜਾਜ਼ਤ ਦਿੰਦਾ ਹੈ ਤਾਂ ਗੇਜ ਪਾਰਕ (Gage Park) ਵਿਖੇ ਸਕੇਟਿੰਗ ਦੀ ਦੁਪਹਿਰ ਦਾ ਮਜ਼ਾ ਲੈਣ ਲਈ ਸੱਦਾ ਦਿੱਤਾ ਜਾਂਦਾ ਹੈ।

ਸਿਟੀ ਆਫ ਬ੍ਰੈਂਪਟਨ ਵਿੱਚ ਮੁਲਾਕਾਤ ਅਤੇ ਹੋਰਾਂ ਕਾਰਜਕਰਮਾਂ ਬਾਰੇ ਜਾਣਕਾਰੀ ਲਈ, www.brampton.ca 'ਤੇ ਜਾਓ ਜਾਂ 311 'ਤੇ ਫੋਨ ਕਰੋ।

**ਹਵਾਲਾ:**

"ਮੈਨੂੰ ਬ੍ਰੈਂਪਟਨ ਦੇ ਨਿਵਾਸੀਆਂ ਨੂੰ ਮਿਲਣਾ ਅਤੇ ਉਹਨਾਂ ਨਾਲ ਗੱਲਾਂ ਕਰਨਾ ਬਹੁਤ ਪਸੰਦ ਹੈ, ਇਸਲਈ ਮੈਨੂੰ ਸਾਡੀ ਨਵੇਂ ਸਾਲ ਦੀ ਮੁਲਾਕਾਤ ਦਾ ਸਚਮੁੱਚ ਬਹੁਤ ਮਜ਼ਾ ਆਉਂਦਾ ਹੈ। ਕਾਫ਼ੀ ਸਮੇਂ ਤੋਂ ਚੱਲੀ ਆ ਰਹੀ ਪਰੰਪਰਾ ਵਿੱਚ ਮੇਰੇ ਨਾਲ ਸ਼ਾਮਲ ਹੋਵੋ, ਜੋ ਜਨਤਾ ਨੂੰ ਉਹਨਾਂ ਦੇ ਚੁਣੇ ਹੋਏ ਪ੍ਰਤੀਨਿਧੀਆਂ ਨੂੰ ਮਿਲਣ ਅਤੇ ਇਕੱਠੇ ਨਵਾਂ ਸਾਲ ਮਨਾਉਣ ਦਾ ਮੌਕਾ ਦਿੰਦੀ ਹੈ।"

- ਮੇਅਰ ਲਿੰਡਾ ਜੈਫਰੀ (Linda Jeffrey)

-30-

**ਬ੍ਰੈਂਪਟਨ ਵੱਡਾ ਸੋਚ ਰਿਹਾ ਹੈ।** ਅਸੀਂ ਪੂਰੀ ਇਕਾਗਰਤਾ ਦੇ ਨਾਲ ਭਵਿੱਖ ਲਈ ਤਿਆਰ ਸੰਗਠਨ ਹਾਂ। ਅਸੀਂ ਜਾਣਦੇ ਹਾਂ ਕਿ ਸਾਡੇ ਭਾਈਚਾਰੇ ਵਿੱਚ ਵਾਧਾ, ਨੌਜਵਾਨ ਅਤੇ ਵਿਵਿਧਤਾ ਸਾਨੂੰ ਵੱਖਰਾ ਬਣਾਉਂਦੇ ਹਨ। ਨਿਵੇਸ਼ ਨੂੰ ਉਤਸ਼ਾਹਿਤ ਕਰਦੇ ਹੋਏ ਅਤੇ ਆਪਣੀ ਵਿਸ਼ਵ-ਵਿਆਪੀ ਸਫਲਤਾ ਨੂੰ ਅੱਗੇ ਵਧਾਉਂਦੇ ਹੋਏ, ਅਸੀਂ ਕੈਨੇਡਾ ਦੇ ਨਵੀਨਤਾਕਾਰੀ ਸੁਪਰ ਲਾਂਘੇ ਦੇ ਕੇਂਦਰ ਵਿੱਚ ਸਥਿਤ ਹਾਂ। ਅਸੀਂ ਜੋਸ਼ੀਲੇ ਸ਼ਹਿਰੀ ਕੇਂਦਰਾਂ ਦਾ ਨਿਰਮਾਣ ਕਰ ਰਹੇ ਹਾਂ ਜੋ ਮੌਕੇ ਪੈਦਾ ਕਰਦੇ ਹਨ ਅਤੇ ਇੱਥੇ ਰਹਿਣ ਅਤੇ ਕੰਮ ਕਰਨ ਵਾਲੇ ਲੋਕਾਂ ਵਿੱਚ ਮਾਣ ਭਰਦੇ ਹਨ। ਅਜਿਹਾ ਜੁੜਿਆ ਹੋਇਆ ਸ਼ਹਿਰ ਬਣਨ ਲਈ ਬ੍ਰੈਂਪਟਨ ਨੂੰ ਅੱਗੇ ਲਿਜਾ ਰਹੇ ਹਾਂ, ਜੋ ਸਭ ਨੂੰ ਸ਼ਾਮਲ ਕਰਨ ਵਾਲਾ, ਬੇਬਾਕ ਅਤੇ ਨਵੀਨਤਾਕਾਰੀ ਹੋਵੇ। ਸਾਨੂੰ Twitter ਅਤੇ Facebook 'ਤੇ ਫਾਲੋ ਕਰੋ। www.brampton.ca 'ਤੇ ਹੋਰ ਜਾਣੋ।

**ਮੀਡੀਆ ਸੰਪਰਕ**
ਨੈਟਲੀ ਸਟੋਗਡਿਲ (Natalie Stogdill)
ਮੀਡੀਆ ਕੋਆਰਡੀਨੇਟਰ
ਸਿਟੀ ਆਫ ਬ੍ਰੈਂਪਟਨ
905.874.3654 | natalie.stogdill@brampton.ca